The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644




13 March 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਟੇਲਰ ਦੇ ਦੋਹਰੇ ਸੈਂਕੜੇ ਨਾਲ ਨਿਊਜ਼ੀਲੈਂਡ ਜਿੱਤ ਦੇ ਰਸਤੇ ਤੇ



ਵੇਲਿੰਗਟਨ— ਰੋਸ ਟੇਲਰ ਦੇ ਦੋਹਰੇ ਸੈਂਕੜੇ ਤੋਂ ਬਾਅਦ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਨਿਊਜ਼ੀਲੈਂਡ ਨੇ ਮੀਂਹ ਪ੍ਰਭਾਵਿਤ ਦੂਜੇ ਕ੍ਰਿਕਟ ਟੈਸਟ ਦੇ ਚੌਥੇ ਦਿਨ ਜਿੱਤ ਵੱਲ ਕਦਮ ਵਧਾਏ। ਮੈਚ ਵਿਚ ਪਹਿਲੇ ਦੋ ਦਿਨ ਦੀ ਖੇਡ ਮੀਂਹ ਦੀ ਭੇਟ ਚੜ੍ਹ ਗਈ ਸੀ। ਬੰਗਲਾਦੇਸ਼ ਦੀ ਟੀਮ ਪਹਿਲੀ ਪਾਰੀ 'ਚ 211 ਦੌੜਾਂ ਹੀ ਬਣਾ ਸਕੀ ਸੀ, ਜਿਸ ਦੇ ਜਵਾਬ 'ਚ ਨਿਊਜ਼ੀਲੈਂਡ ਨੇ ਰੋਸ ਟੇਲਰ (200), ਹੈਨਰੀ ਨਿਕੋਲਸ (107) ਤੇ ਕਪਤਾਨ ਕੇਨ ਵਿਲੀਅਮਸਨ (74) ਦੀਆਂ ਪਾਰੀਆਂ ਦੀ ਬਦੌਲਤ 6 ਵਿਕਟਾਂ 'ਤੇ 432 ਦੌੜਾਂ ਬਣਾਉਣ ਤੋਂ ਬਾਅਦ ਪਾਰੀ ਖਤਮ ਐਲਾਨ ਕੀਤੀ। ਬੰਗਲਾਦੇਸ਼ ਨੇ ਦਿਨ ਦੀ ਖੇਡ ਖਤਮ ਹੋਣ ਤਕ ਦੂਜੀ ਪਾਰੀ ਵਿਚ 3 ਵਿਕਟਾਂ 'ਤੇ 80 ਦੌੜਾਂ ਬਣਾ ਲਈਆਂ। ਟੀਮ ਅਜੇ ਵੀ ਪਹਿਲੀ ਪਾਰੀ ਦੇ ਆਧਾਰ 'ਤੇ 141 ਦੌੜਾਂ ਨਾਲ ਪਿੱਛੇ ਹੈ। ਇਸ ਤੋਂ ਪਹਿਲਾਂ ਨਿਊਜ਼ੀਲੈਂਡ ਦੀ ਟੀਮ ਅੱਜ ਦੋ ਵਿਕਟਾਂ 'ਤੇ 38 ਦੌੜਾਂ ਤੋਂ ਅੱਗੇ ਖੇਡਣ ਉਤਰੀ ਤੇ ਉਸ ਨੇ 73 ਓਵਰਾਂ 'ਚ 394 ਦੌੜਾਂ ਜੋੜੀਆਂ। ਟੇਲਰ ਨੇ 20 ਦੌੜਾਂ ਦੇ ਸਕੋਰ 'ਤੇ ਮਿਲੇ ਦੋ ਜੀਵਨਦਾਨਾਂ ਦਾ ਪੂਰਾ ਫਾਇਦਾ ਚੁੱਕਿਆ। ਉਸ ਨੇ 212 ਗੇਂਦਾਂ ਦੀ ਆਪਣੀ ਪਾਰੀ 'ਚ 19 ਚੌਕੇ ਤੇ 4 ਛੱਕੇ ਲਾਏ।

# ਨਿਊਜ਼ੀਲੈਂਡ ਦੇ ਖਿਡਾਰੀ ਨੇ 200 ਦੌੜਾਂ ਦੀ ਪਾਰੀ ਖੇਡ ਕੇ ਇਸ ਵਜ੍ਹਾ ਤੋਂ ਮੰਗੀ ਮੁਆਫੀ



ਵੈਲਿੰਗਟਨ : ਰੌਸ ਟੇਲਰ ਨੇ ਬੰਗਲਾਦੇਸ਼ ਖਿਲਾਫ 200 ਦੌੜਾਂ ਦੀ ਪਾਰੀ ਖੇਡ ਕੇ ਸਾਬਕਾ ਖਿਡਾਰੀ ਮਾਰਟਿਨ ਕ੍ਰੋ ਦੇ ਸੈਂਕੜਿਆਂ ਦੀ ਗਿਣਤੀ ਨੂੰ ਪਾਰ ਕੀਤਾ ਜਿਸ ਤੋਂ ਬਾਅਦ ਉਸ ਨੇ ਆਪਣੇ ਮੈਂਟਰ ਲਈ ਪ੍ਰਾਰਥਨਾ ਕੀਤੀ ਅਤੇ ਮੁਆਫੀ ਮੰਗੀ। ਟੇਲਰ ਦਾ ਇਹ 18ਵਾਂ ਸੈਂਕੜਾ ਹੈ। ਇਸ ਬੱਲੇਬਾਜ਼ ਨੇ ਕ੍ਰੋ ਦੀ ਭਵਿੱਖਬਾਣੀ ਸਹੀ ਸਾਬਤ ਕਰਨ ਦੀ ਆਪਣੀ ਇੱਛਾ ਪੂਰੀ ਕੀਤੀ ਜਿਸ ਨੇ ਕਿਹਾ ਸੀ ਕਿ ਟੇਰਲ ਇਕ ਦਿਨ ਉਸ ਦੇ ਸੈਂਕੜਿਆਂ ਦੀ ਗਿਣਤੀ ਨੂੰ ਪਿੱਛੇ ਛੱਡ ਦੇਵੇਗਾ।ਕੈਂਸਰ ਕਾਰਨ ਕ੍ਰੋ ਦੇ ਦਿਹਾਂਤ ਤੋਂ ਲਗਭਗ 2 ਸਾਲ ਬਾਅਦ 2017 ਵਿਚ ਆਪਣਾ 17ਵਾਂ ਸੈਂਕੜਾ ਲਾਉਣ ਵਾਲੇ ਟੇਲਰ ਨੇ ਕਿਹਾ, "ਮੈਂ ਹੋਗਨ ਨੂੰ ਕਿਹਾ ਕਿ ਮੈਨੂੰ ਮੁਆਫ ਕਰ ਦਿਓ ਕਿ ਮੈਂ ਇੱਥੇ ਤੱਕ ਪਹੁੰਚਣ ਲਈ ਇੰਨਾ ਸਮਾਂ ਲਾਇਆ। ਮੈਂ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਤਾਂ 17 ਇੰਨੀ ਵੱਡੀ ਗਿਣਤੀ ਸੀ। ਇੱਥੇ ਪਹੁੰਚਣਾ ਰਾਹਤ ਪਹੁੰਚਾਉਣ ਵਾਲਾ ਸੀ ਅਤੇ ਇਸ ਤੋਂ ਬਾਅਦ ਮੈਂ ਉਮੀਦ ਮੁਤਾਬਕ ਨਹੀਂ ਖੇਡ ਸਕਿਆ। ਸ਼ਾਇਦ ਇਹ ਮੇਰੇ ਦਿਮਾਗ 'ਚ ਚਲ ਰਿਹਾ ਸੀ। ਟੇਲਰ ਨੇ ਇਸ ਪਾਰੀ ਦੌਰਾਨ ਬੇਸਿਨ ਰਿਜ਼ਰਵ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਦੇ ਕ੍ਰੋ ਦੇ ਰਿਕਾਰਡ ਨੂੰ ਵੀ ਤੋੜਿਆ।"

# ਨਿਊਜ਼ੀਲੈਂਡ ਦੀਆਂ ਸਾਹਿਤਕ ਸੰਸਥਾਵਾਂ ਵਲੋਂ ਗੀਤਕਾਰ ਪ੍ਰਗਟ ਸਿੰਘ ਲਿੱਦੜਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡਤੋਂ ਸਾਹਿਤਕ ਸੱਥ ਆਕਲੈਂਡ ਦੇ ਪ੍ਰਤੀਨਿਧ ਬਿਕਰਮਜੀਤ ਸਿੰਘ ਮੱਟਰਾਂ, ਨਿਊਜ਼ੀਲੈਂਡ ਪੰਜਾਬੀ ਮੀਡੀਆ ਗਰੁੱਪ, ਪੰਜਾਬ ਵਿਰਾਸਤ ਭਵਨ ਨਿਊਜੀਲੈਂਡ ਆਦਿ ਨੇ ਸਾਂਝੇ ਰੂਪ ਵਿੱਚ ਸੋਗ ਸੰਦੇਸ਼ ਦਿੰਦਿਆਂ ਗੀਤਕਾਰ ਪ੍ਰਗਟ ਸਿੰਘ ਲਿੱਦੜਾਂ ਦੀ ਵਿਦਾਇਗੀ ਨੂੰ ਇਕ ਯੁੱਗ ਦਾ ਅੰਤ ਕਿਹਾ ਅਤੇ ਪਰਿਵਾਰ ਨਾਲ ਹਮਦਰਦੀ ਦਾ ਅਹਿਸਾਸ ਜਤਾਇਆ।

# ਨਿਊਯਾਰਕ ਦੀ ਪਛਾਣ ਰਹੀ ਕ੍ਰਿਸਲਰ ਬਿਲਡਿੰਗ ਦੀ ਹੋਈ ਡੀਲ, ਵਿਕੇਗੀ 15 ਕਰੋੜ ਡਾਲਰ ਚ



ਵਾਸ਼ਿੰਗਟਨ - ਨਿਊਯਾਰਕ ਦੀ ਪਛਾਣ ਰਹੀ ਕ੍ਰਿਸਲਰ ਬਿਲਡਿੰਗ ਦੀ ਡੀਲ ਹੋ ਗਈ ਹੈ। ਵਾਲ ਸਟ੍ਰੀਟ ਜਨਰਲ ਦੀ ਖਬਰ ਮੁਤਾਬਕ, ਇਸ ਦਾ ਮਾਲਕ ਇਸ ਨੂੰ 15 ਕਰੋੜ ਡਾਲਰ ਤੋਂ ਜ਼ਿਆਦਾ ਵੇਚਣ ਲਈ ਰਾਜ਼ੀ ਹੋ ਗਏ ਹਨ। ਮਿਡਟਾਊਨ ਮੈਨਹਟਨ 'ਚ ਟਾਵਰ ਦੀ ਵਿਕਰੀ ਕੀਤੀ ਜੋ ਕੀਮਤ ਲਾਈ ਗਈ ਹੈ, ਉਹ ਅਮੀਰਾਤ ਦੀ ਨਿਵੇਸ਼ ਫਰਮ ਮੁਬਾਡਾਲਾ ਲਈ ਇਕ ਵੱਡੇ ਨੁਕਸਾਨ ਦਾ ਸੰਕੇਤ ਹੈ। ਇਸ ਫਰਮ ਨੇ ਸਾਲ 2008 'ਚ ਇਮਾਰਤ ਦੀ 90 ਫੀਸਦੀ ਹਿੱਸੇਦਾਰੀ ਲਈ 80 ਕਰੋੜ ਡਾਲਰ ਦਾ ਭੁਗਤਾਨ ਕੀਤਾ ਸੀ। ਸਾਲ 1997 'ਚ ਰੀਅਲ ਅਸਟੇਟ ਸਮੂਹ ਟਿਸ਼ਮੈਨ ਸਪੀਅਰ ਨੇ 210-250 ਮਿਲੀਅਨ ਡਾਲਰ 'ਚ ਇਮਾਰਤ ਖਰੀਦੀ ਸੀ ਅਤੇ ਇਸ ਦੀ 10 ਫੀਸਦੀ ਹਿੱਸੇਦਾਰੀ ਆਪਣੇ ਕੋਲ ਬਰਕਰਾਰ ਰੱਖੀ ਸੀ। ਵਾਲ ਸਟ੍ਰੀਟ ਜਨਰਲ ਨੇ ਦੱਸਿਆ ਕਿ ਭਵਨ ਦੇ ਮਾਲਕ ਇਸ ਦੇ ਹੇਠਾਂ ਦੀ ਜ਼ਮੀਨ ਦਾ ਮਾਲਕ ਨਹੀਂ ਹੈ ਅਤੇ ਸਾਲਾਨਾ ਇਸ ਦੇ ਕਿਰਾਏ ਦਾ ਭੁਗਤਾਨ ਕਰਦਾ ਹੈ। ਸਾਲ 2018 'ਚ ਇਹ ਰਾਸ਼ੀ 70.75 ਲੱਖ ਡਾਲਰ ਤੋਂ ਵੱਧ ਕੇ 3.2 ਕਰੋੜ ਡਾਲਰ ਹੋ ਗਈ ਸੀ ਅਤੇ 2028 'ਚ ਫਿਰ ਇਹ ਰਾਸ਼ੀ ਵੱਧ ਕੇ 4.1 ਕਰੋੜ ਡਾਲਰ ਹੋ ਜਾਵੇਗੀ।ਦਲਾਲਾਂ ਦੇ ਹਵਾਲੇ ਤੋਂ ਅਖਬਾਰ ਪੱਤਰ ਨੇ ਲਿੱਖਿਆ ਕਿ ਬਿਲਡਿੰਗ ਰੈਵੇਨਿਊ ਦਾ ਵੱਡਾ ਹਿੱਸਾ ਇਸ ਫੀਸ 'ਚ ਚਲਾ ਜਾਂਦਾ ਹੈ। ਇਮਾਰਤ 'ਚ 37 ਹਜ਼ਾਰ 160 ਵਰਗ ਮੀਟਰ ਥਾਂ ਖਾਲੀ ਪਈ ਹੈ। ਕ੍ਰਿਸਲਰ ਇਮਾਰਤ ਨੂੰ ਸਾਲ 1930 'ਚ ਖੋਲ੍ਹਿਆ ਗਿਆ ਸੀ। ਇਹ 319 ਮੀਟਰ ਉੱਚੀ ਬਿਲਡਿੰਗ ਹੈ। ਉਸ ਸਮੇਂ ਇਹ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਸੀ। ਜੇਕਰ ਇਸ ਦੇ ਬਣਨ ਤੋਂ 11 ਮਹੀਨੇ ਬਾਅਦ ਹੀ ਮੈਨਹਟਨ 'ਚ ਬਣੀ ਐਮਪਾਇਰ ਸਟੇਟ ਬਿਲਡਿੰਗ ਨੇ ਕ੍ਰਿਸਲਰ ਤੋਂ ਇਹ ਖਿਤਾਬ ਖੋਹ ਲਿਆ ਸੀ। ਇਹ ਇਮਾਰਤ ਕਾਰ ਨਿਰਮਾਤਾ ਵਾਲਟਰ ਕ੍ਰਿਸਲਰ ਦਾ ਨਿੱਜੀ ਪ੍ਰਾਜੈਕਟ ਸੀ। ਉਨ੍ਹਾਂ ਦੇ ਨਾਂ 'ਤੇ ਇਸ ਇਮਾਰਤ ਦਾ ਨਾਂ ਰੱਖਿਆ ਗਿਆ ਸੀ ਪਰ ਇਸ ਨੂੰ ਆਟੋ ਵਪਾਰ ਤੋਂ ਵੱਖ ਰੱਖਿਆ ਗਿਆ।

# ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਦੀ 14ਵੀਂ ਵਰ੍ਹੇਗੰਢ ਨੂੰ ਸਮਰਪਿਤ ਮਹਾਨ ਗੁਰਮਿਤ ਸਮਾਗਮ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) : ਨਿਊਜੀਲੈਂਡ ਦੀ ਸਿੱਖ ਸੰਗਤਾਂ ਵੱਲੋਂ ਸਥਾਨਿਕ ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਦੀ 14ਵੀਂ ਵਰ੍ਹੇਗੰਢ ਨੂੰ ਸਮਰਪਿਤ ਕਈਂ ਦਿਨ ਚੱਲਣ ਵਾਲੇ ਗੁਰਮਿਤ ਸਮਾਗਮ ਦੀ ਸ਼ੁਰੂਆਤ ਇੱਕ ਧਾਰਮਿਕ ਸਮਾਗਮ ਕਰਕੇ ਕੀਤੀ ਗਈ। ਇਸ ਮੌਕੇ 'ਤੇ ਸਿੱਖ ਪੰਥ ਦੇ ਮਹਾਨ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ ਜੀ ਨੇ ਵਿਸ਼ੇਸ਼ ਹਾਜਰੀ ਭਰੀ। ਗੁਰੂ ਘਰ ਦੇ ਮਹਾਨ ਕੀਰਤਨੀਏ ਪੰਥ ਪ੍ਰਸਿੱਧ ਰਾਗੀ ਜੱਥਾ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਨੇ ਗੁਰਬਾਣੀ ਸ਼ਬਦ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਭਾਰੀ ਪਿੰਦਰਾਪਾਲ ਜੀ ਦੀ ਲੜੀਵਾਰ ਕਥਾ 17 ਮਾਰਚ ਤੱਕ ਚੱਲੇਗੀ। ਇਸ ਕਥਾ ਦਾ ਸਿੱਧਾ ਪ੍ਰਸਾਰਣ ਅਣਖੀਲਾ ਪੰਜਾਬ ਟੀਵੀ 'ਤੇ ਵੀ ਕੀਤਾ ਜਾਵੇਗਾ।

# ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਮਿਲੇ ਫੌਜ ਦੀ 2 ਸਿੱਖ ਪਲਟੂਨ ਦੇ ਅਧਿਕਾਰੀ



ਫੌਜ ਦੀ 2 ਸਿੱਖ ਪਲਟੂਨ ਦੇ ਅਧਿਕਾਰੀਆਂ ਤੇ ਜਵਾਨਾਂ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ । ਕੈਪਟਨ ਅਮਰਿੰਦਰ ਸਿੰਘ ਜਦੋਂ ਖੁਦ ਫੌਜ ਚ ਸਨ ਤਾਂ ਉਸ ਸਮੇਂ ਉਹ 2 ਸਿੱਖ ਪਲਟੂਨ ਦਾ ਹੀ ਹਿੱਸਾ ਸਨ। ਕੈਪਟਨ ਨੇ ਪਲਟੂਨ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਇਸ ਪਲਟੂਨ ਦੇ ਸਾਰੇ ਜਵਾਨਾਂ ਤੇ ਅਧਿਕਾਰੀਆਂ ਨੂੰ ਅੱਜ ਵੀ ਆਪਣੇ ਪਰਿਵਾਰ ਦਾ ਅੰਗ ਮੰਨਦੇ ਹਨ। ਮੁੱਖ ਮੰਤਰੀ ਅਮਰਿੰਦਰ, ਜਿਨ੍ਹਾਂ ਦਾ ਅੱਜ ਜਨਮ ਦਿਨ ਹੈ, ਨੂੰ ਉਸ ਦੀ ਪੁਰਾਣੀ ਸਿੱਖ ਪਲਟੂਨ ਦੇ ਜਵਾਨਾਂ ਨੇ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ 2 ਸਿੱਖ ਪਲਟੂਨ 'ਚ ਕੰਮ ਕਰਦੇ ਹੋਏ ਉਨ੍ਹਾਂ ਨੂੰ ਸਾਰੇ ਜਵਾਨਾਂ ਦਾ ਸਹਿਯੋਗ ਮਿਲਦਾ ਰਿਹਾ। ਅੱਜ ਵੀ ਉਨ੍ਹਾਂ ਦੀਆਂ ਯਾਦਾਂ ਫੌਜ 'ਚ ਕੰਮ ਕਰਨ ਨੂੰ ਲੈ ਕੇ ਤਾਜ਼ਾ ਹਨ। ਉਨ੍ਹਾਂ ਕਿਹਾ ਕਿ ਇਸ ਪਲਟੂਨ ਦੇ ਅਧਿਕਾਰੀ ਤੇ ਜਵਾਨ ਅੱਜ ਵੀ ਉਸ ਨਾਲ ਕਾਫੀ ਪਿਆਰ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਪਲਟੂਨ ਦਾ ਗੌਰਵਸ਼ਾਲੀ ਇਤਿਹਾਸ ਰਿਹਾ ਹੈ, ਜਿਸ ਨੇ ਹਮੇਸ਼ਾ ਹੀ ਦੇਸ਼ 'ਤੇ ਸੰਕਟ ਆਉਣ ਦੇ ਸਮੇਂ ਅੱਗੇ ਆ ਕੇ ਦੁਸ਼ਮਣਾਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਉਹ 2 ਸਿੱਖ ਪਲਟੂਨ ਦੇ ਇਤਿਹਾਸ ਨੂੰ ਲੈ ਕੇ ਪੁਸਤਕਾਂ ਵੀ ਲਿਖ ਚੁੱਕੇ ਹਨ। ਜੇਕਰ ਵਿਸ਼ਵ ਜੰਗਾਂ ਦੀ ਚਰਚਾ ਕੀਤੀ ਜਾਏ ਤਾਂ ਵੀ ਇਸ ਪਲਟੂਨ ਦਾ ਗੌਰਵਸ਼ਾਲੀ ਇਤਿਹਾਸ ਦੇਖਣ ਨੂੰ ਮਿਲਦਾ ਹੈ।

**MATRIMONIAL**

35 year old 5'-9" Jatt Singh Gill Boy PR NZ Looking for Beautiful Educated Girl whole Family Sealed in NZPhone : 0221952162 092670825

